G. 264

# ਆਪਣਾ ਦੇਸ਼

SARDAR DYAL SINGH
LAHORE
LIBRARY

ਲਾਹੌਰ

ਪ੍ਰੀਤ ਨਗਰ ਸ਼ਾਪ

੩੦ ਨਿਸਬਤ ਰੋਡ

ਸ ੯੮ ਆ
29341

# ਆਪਣਾ ਦੇਸ਼

*

ਧਰਤੀ ਦਾ ਹਰ ਇਕ ਟੁਕੜਾ ਕਿਸੇ ਨਾ ਕਿਸੇ ਦਾ ਪਿਆਰਾ ਵਤਨ ਹੈ। ਜ਼ਰੂਰ, ਪਰ ਕਿਸੇ ਹੋਰ ਮੁਲਕ ਦਾ ਵਸਨੀਕ ਆਪਣੇ ਦੇਸ ਨੂੰ ਇੰਨਾ ਆਪਣਾ ਨਹੀਂ ਸਮਝਦਾ, ਜਿੰਨਾ ਇਕ ਰੂਸੀ ਆਪਣੇ ਸੋਵੀਅਟ ਦੇਸ ਨੂੰ।

ਇਹ ਕੋਈ ਜਜ਼ਬਾਤੀ ਗਲ ਨਹੀਂ, ਤੇ ਨਾ ਇਹਦੇ ਵਿਚ ਕੋਈ ਵਧਾ ਹੈ, ਇਹ ਅਸਲੀਅਤ ਹੈ, ਪਰਤਖ ਸਚਾਈ ਹੈ। ਹੁਣ ਸਵਾਲ ਉਠਦਾ ਹੈ, ਅਜੇਹਾ ਹੈ ਕਿਉਂ ? ਜਵਾਬ ਸਿੱਧਾ ਤੇ ਸਾਫ ਹੈ। ਜਿਥੇ ਬਾਕੀ ਸਾਰੀ ਦੁਨੀਆ ਵਿਚ ਲੁਟ ਪੁਟ ਦਾ ਰਾਜ ਹੈ, ਜਾਗੀਰਦਾਰ ਤੇ ਜ਼ਿਮੀਂਦਾਰ ਕਿਸਾਨ ਦੀ ਤੇ ਕਾਰਖਾਨੇਦਾਰ ਮਜ਼ਦੂਰ ਦੀ ਮਿਹਨਤ ਤੇ ਪਲ ਕੇ ਦਿਨ-ਬ-ਦਿਨ ਮੋਟਾ ਹੁੰਦਾ ਜਾਂਦਾ ਹੈ, ਉਥੇ ਸੋਵੀਅਟ ਰੂਸ ਦੇ ਸਿਆਸੀ, ਆਰਥਕ ਤੇ ਸਮਾਜਕ ਜਿਸਮ ਵਿਚ ਇਸ ਬੀਮਾਰੀ ਦੇ ਜਿਰਮ ਤਕ ਵੀ ਨਹੀਂ ਰਹਿਣ ਦਿਤੇ ਗਏ। ਹਡ ਖੋਰੂ ਮੁਥਾਜੀ, ਗਰੀਬੀ, ਬੇ-ਰੁਜ਼ਗਾਰੀ ਦੇ ਨਿਸ਼ਾਨ ਤਕ ਮਿਟਾ ਦਿਤੇ ਗਏ ਹਨ। ਇੰਗਲੈਂਡ ਦਾ ਲਾਟ ਪਾਦਰੀ ਲਿਖਦਾ ਹੈ : "ਰੂਸ ਦੀ ਨਵੀਂ ਰਾਜ ਬਣਤਰ (ਸਟਾਲਿਨ ਕਨਸਟੀਚਿਊਸ਼ਨ) ਆਦਮੀ ਦੇ ਹਕਾਂ ਦਾ ਇਹੋ ਜੇਹਾ ਪੂਰਨ ਤੇ ਸੁੰਦਰ ਇਕਬਾਲ ਹੈ, ਜਿਹੋ ਜਿਹਾ ਕਿਸੇ ਹੋਰ ਮੁਲਕ ਵਿਚ ਕਦੇ ਨਹੀਂ ਹੋਇਆ।" ਇਕ ਹੋਰ ਥਾਂ ਲਾਟ ਪਾਦਰੀ ਰੂਸ ਬਾਰੇ ਲਿਖਦਾ ਹੈ : "ਚਾਰ ਗਲਾਂ ਮੈਨੂੰ ਪਰਤਖ ਦਿਸੀਆਂ ਹਨ – ਮਜ਼ਦੂਰੀ ਦਾ ਨਿਰਖ ਵਧ ਰਿਹਾ ਹੈ, ਕੀਮਤਾਂ ਘਟ ਰਹੀਆਂ ਹਨ, ਜ਼ਿੰਦਗੀ ਦਾ ਮਿਆਰ ਉੱਚਾ ਹੋ ਰਿਹਾ ਹੈ ਤੇ ਬੇ-ਰੁਜ਼ਗਾਰੀ ਬਿਲਕੁਲ ਉੱਡ ਗਈ ਹੈ।



ਕਿਸੇ ਵੀ ਹੋਰ ਮੁਲਕ ਨੂੰ ਇਹਨਾਂ ਗਲਾਂ ਦਾ ਮਾਣ ਨਹੀਂ ਹੋ ਸਕਦਾ......... ਸ਼ਖਸੀ ਬਿਹਤਰੀ ਦਾ ਖ਼ਿਆਲ ਤੇ ਸਾਰਿਆਂ ਲਈ ਸਾਂਝੀ ਆਸ, ਮੇਰੇ ਖਿਆਲ ਵਿਚ ਰੂਸ ਦਾ ਜ਼ਬਰਦਸਤ ਚੈਲੰਜ ਹਨ। ਇਹ ਈਸਾਈ ਦੁਨੀਆ ਨੂੰ ਸੋਚਣ ਤੇ ਨਕਲ ਕਰਨ ਲਈ ਲਲਕਾਰਦਾ ਹੈ।"

ਇਹ ਹੈ ਸੋਵੀਅਟ ਦੇਸ – ਕਾਰਖਾਨੇ ਦੀ ਪੈਦਾਵਾਰ ਮਜ਼ਦੂਰਾਂ ਦੀ, ਜ਼ਮੀਨ ਦੀ ਪੈਦਾਵਾਰ ਕਿਸਾਨਾਂ ਦੀ। ਬਾਕੀ ਦੁਨੀਆਂ ਵਿਚ ਲੁਟਣ ਵਾਲੀਆਂ ਤੇ ਲੁਟੀਆਂ ਜਾ ਰਹੀਆਂ ਦੋ ਜਮਾਤਾਂ ਹਨ, ਪਰ ਸੋਵੀਅਟ ਭੂਮੀ ਵਿਚ ਇਕੋ ਜਮਾਤ ਹੈ, ਕਾਮਿਆਂ ਦੀ। ਇਹ ਮਜ਼ਦੂਰਾਂ ਦਾ ਦੇਸ਼ ਹੈ, ਵਿਹਲੇ ਬਹਿ ਕੇ ਦੂਜਿਆਂ ਦੀ ਮਿਹਨਤ ਤੇ ਪਲਣ ਵਾਲੇ ਮੁਠੀ ਭਰ ਬੰਦਿਆਂ ਦਾ ਨਹੀਂ।

ਲੋਕ-ਰਾਜ ਦੀ ਸਹੀ ਤਸਵੀਰ ਸਿਰਫ ਰੂਸ ਵਿਚ ਹੀ ਵੇਖੀ ਜਾ ਸਕਦੀ ਹੈ। ਕੀ ਬਰਤਾਨੀਆਂ, ਅਮ੍ਰੀਕਾ ਆਦ ਮੁਲਕਾਂ ਵਿਚ ਲੋਕ-ਰਾਜ ਨਹੀਂ। ਇਹਨਾਂ ਨੂੰ ਤਾਂ ਜਮਹੂਰੀਅਤ ਦੇ ਮਾਡਲ (ਨਮੂਨੇ) ਆਖਿਆ ਜਾਂਦਾ ਹੈ। ਬਹੁਤੇ ਲੋਕ ਇਸੇ ਤਰਾਂ ਮੰਨਦੇ ਹਨ। ਉਹ ਆਖਦੇ ਹਨ ਕਿ ਇਹਨਾਂ ਮੁਲਕਾਂ ਵਿਚ ਸਭ ਨੂੰ ਵੋਟ ਦੇਣ ਦਾ ਹਕ ਹੈ, ਜਿਨ੍ਹਾਂ ਨੂੰ ਉਹ ਚਾਹੁਣ, ਆਪਣੇ ਪ੍ਰਤੀ ਨਿਧ ਚੁਣ ਕੇ ਪਾਰਲੀਮੈਂਟ (ਅਸੈਂਬਲੀ) ਵਿਚ ਭੇਜ ਸਕਦੇ ਹਨ ਤੇ ਉਹ ਫੇਰ ਲੋਕਾਂ ਦੀ ਮਰਜ਼ੀ ਅਨੁਸਾਰ ਉਹਨਾਂ ਦੇ ਲਾਭਾਂ ਨੂੰ ਮੁਖ ਰਖ ਕੇ ਹਕੂਮਤਾਂ ਚਲਾਂਦੇ ਹਨ।

ਪਰ ਇਕ ਮਾਰਕਸ-ਵਾਦੀ ਇਸ ਧੋਖੇ ਵਿਚ ਨਹੀਂ ਆ ਸਕਦਾ। ਉਹ ਜਾਣਦਾ ਹੈ ਕਿ ਹਕੂਮਤ ਕਦੇ ਵੀ ਸਾਰੇ ਲੋਕਾਂ ਦੀ ਨਹੀਂ ਹੋ ਸਕਦੀ। ਉਹ ਇਤਿਹਾਸ ਦੇ ਡੂੰਘੇ ਮੁਤਾਲੇ ਤੋਂ ਇਸ ਨਤੀਜੇ ਤੇ ਪੁਜਦਾ ਹੈ ਕਿ ਹਕੂਮਤ ਹਮੇਸ਼ਾ ਇਕ ਜਮਾਤ ਦੀ ਹੁੰਦੀ ਹੈ ਤੇ ਉਸੇ ਜਮਾਤ ਦੇ ਲਾਭਾਂ ਦੀ ਰਾਖੀ ਕਰਦੀ ਹੈ। ਇੰਗਲੈਂਡ ਤੇ ਅਮਰੀਕਾ ਦੀਆਂ ਹਕੂਮਤਾਂ ਉਥੋਂ ਦੇ ਮੁਠੀ ਭਰ ਸਰਮਾਏਦਾਰਾਂ ਦੇ ਹਥ ਵਿਚ ਹਨ। ਉਨ੍ਹਾਂ ਦੇ ਲਾਭਾਂ ਲਈ ਤੇ ਉਨ੍ਹਾਂ ਦੀ ਮਰਜ਼ੀ ਅਨੁਸਾਰ ਆਪਣੀ ਪਾਲੀਸੀ ਘੜਦੀਆਂ ਹਨ। ਪਰ ਰੂਸ ਵਿਚ ਅਜੇਹਾ ਨਹੀਂ। ਉੱਥੇ ਵਖੋ ਵਖ ਜਮਾਤਾਂ ਨਹੀਂ ਹਨ। ਇਕ ਜਮਾਤ ਹੈ–

ਕਾਮਿਆਂ ਦੀ – ਤੇ ਇਹਦੀ ਹੀ ਉਥੇ ਹਕੂਮਤ ਹੈ, ਜਿਹੜੀ ਉਹਨਾਂ ਦੇ ਲਾਭਾਂ ਲਈ ਸੋਚਦੀ, ਤੇ ਪਰੋਗਰਾਮ ਬਣਾਂਦੀ ਹੈ। ਇਹਨੂੰ ਹੀ ਆਖਿਆ ਜਾਂਦਾ ਹੈ, ਜਨਤਾ ਦਾ ਰਾਜਾ। ਸੋਵੀਅਟ ਦੇ ਏਸੇ ਪਰਬੰਧ ਦਾ ਨਤੀਜਾ ਹੈ ਕਿ ਜਿੰਨਾ ਸੋਵੀਅਟ ਰੂਸ ਇਕ ਰੂਸੀ ਲਈ 'ਆਪਣਾ ਦੇਸ਼' ਹੈ, ਉਨਾਂ ਹੋਰ ਕੋਈ ਮੁਲਕ ਉਥੋਂ ਦੇ ਵਾਸੀ ਲਈ ਨਹੀਂ । ਇਹ ਗਲ ਏਸ ਜੰਗ ਨੇ ਵੀ ਸਾਬਤ ਕਰ ਦਿਤੀ ਹੈ । ਜਿਸ ਬਹਾਦਰੀ, ਦਲੇਰੀ, ਹੌਸਲੇ ਤੇ ਜਾਂ-ਨਿਸਾਰੀ ਨਾਲ ਸੋਵੀਅਟ ਸਿਪਾਹੀ ਲੜਿਆ ਹੈ, ਹੋਰ ਕੋਈ ਨਹੀਂ । ਉਹਨੇ ਹਿਟਲਰ ਦੀ ਡਾਕੂ ਫੌਜ ਦੀਆਂ ਵਖੀਆਂ ਤੇ ਹਡ ਗੋਡੇ ਭੰਨ ਕੇ ਉਹਨੂੰ ਚਿਕਨਾਂ ਚੂਰ ਕਰ ਦਿਤਾ ਹੈ। ਰੂਸੀ ਕਿਸਾਨ ਗਾਉਂਦਾ ਹੈ :–

ਜਦੋਂ ਮੈਂ ਡਰਾਇਆ ਜਾਂਦਾ ਹਾਂ : 'ਪੁਰਾਣੀ ਦੁਨੀਆ ਫੇਰ ਆ ਜਾਵੇਗੀ।'<br>
ਮੈਂ ਡਿਗ ਪੈਂਦਾ ਤੇ ਡਰ ਨਾਲ ਜੰਮ ਜਾਂਦਾ ਹਾਂ।<br>
ਸਾਥੀ, ਮੈਨੂੰ ਬੰਦੂਕ ਦੇਹ ਤੇ ਨਾਲ ਥੋੜੀਆਂ ਜਿਹੀਆਂ ਗੋਲੀਆਂ,<br>
ਮੈਂ ਲੜਨ ਜਾਵਾਂਗਾ, ਮੈਂ ਆਪਣੀ ਧਰਤੀ ਦੀ ਹਿਫ਼ਾਜ਼ਤ ਕਰਾਂਗਾ<br>
ਆਪਣੀ ਸੋਵੀਅਟ ਧਰਤੀ ਦੀ।

ਇਹ ਹੈ ਰੂਸੀ ਸਪਿਰਟ, ਜਿਹੜੀ ਕ੍ਰਿਤ ਹੈ ਸੋਵੀਅਟ ਦੇ ਸੋਸ਼ਲਿਸਟ ਦੀ। ਸੋਵੀਅਟ ਭੂਮੀਂ– ਹਰ ਇਕ ਰੂਸੀ ਦਾ ਆਪਣਾ ਦੇਸ਼।

... ... ... ... ... ... ... ... ... ... ... ... ... ... ...

ਮਜ਼ਮੂਨਾਂ 'ਚੋਂ 'ਪੁਰਾਣੀਆਂ ਦੀ ਥਾਂ ਨਵੀਆਂ ਜਿੰਦਾਂ' ਅਤੇ 'ਰੂਸ ਦਾ ਦਾ ਜ਼ਬਰਦਸਤ ਚੈਲੰਜ' ਪ੍ਰੀਤ ਲੜੀ 'ਚੋਂ ਸਤਕਾਰ ਪੂਰਬਕ ਲਏ ਗਏ ਹਨ। 'ਰੂਸ ਦਾ ਚੈਲੰਜ' ਇੰਗਲੈਂਡ ਦੇ ਲਾਟ ਪਾਦਰੀ ਦੇ ਇਕ ਲੇਖ ਦਾ ਅਨੁਵਾਦ ਹੈ। 'ਸਾਂਝੇ ਖੇਤ ਦੀ ਯਾਤਰਾ' ਐਡਗਰ-ਮੈਨ ਦੇ ਇਕ ਮਜ਼ਮੂਨ ਦਾ ਤਰਜਮਾ ਹੈ। ਇਹ ਸਾਰੇ ਲੇਖ ਤੇ ਕਹਾਣੀਆਂ ਸਾਨੂੰ ਅਜ ਦੇ ਰੂਸ ਵਿਚ ਇਕ ਝਾਤੀ ਪੁਆਂਦੀਆਂ ਹਨ, ਜਿਥੇ ਮਜ਼ੂਰਾਂ ਕਿਸਾਨਾਂ ਦੇ ਸਾਡੇ ਆਪਣੇ ਸੁਫਨੇ ਰੂਪਮਾਨ ਹੋਏ ਹੋਏ ਹਨ।

ਸਹਿਰਾਈ



# ਪੁਰਾਣੀਆਂ ਦੀ ਥਾਂ ਨਵੀਆਂ ਜਿੰਦਾਂ

★

ਰੂਸ ਠੀਕ ਬੜਾ ਵਡਾ ਮੁਲਕ ਹੈ। ਇਸ ਨੂੰ ਰਕਬੇ ਦੀ ਵਡੱਤਣ ਤੇ ਆਬੋਹਵਾ ਦੀ ਸਖ਼ਤੀ ਕਰ ਕੇ ਕੋਈ ਜਿੱਤ ਨਹੀਂ ਸਕਿਆ, ਪਰ ਇਸ ਨੇ ਵੀ ਕਿਸੇ ਨਾਲ ਮੁਕਾਬਲਾ ਨਹੀਂ ਸੀ ਕੀਤਾ। ਨੈਪੋਲੀਅਨ ਭਾਵੇਂ ਰੂਸ ਵਿਚ ਜਾ ਕੇ ਰਹਿ ਨਹੀਂ ਸੀ ਸਕਿਆ, ਪਰ ਉਸ ਨੂੰ ਮਾਸਕੋ ਤਕ ਪਹੁੰਚਣੋ ਕੋਈ ਰੋਕ ਵੀ ਨਹੀਂ ਸੀ ਸਕਿਆ। ਜਾਪਾਨ ਅਜੇ ਕੋਈ ਵਡੀ ਤਾਕਤ ਨਹੀਂ ਸੀ ਬਣਿਆ, ਤਾਂ ਵੀ ਉਸ ਨੇ ਰੂਸ ਨੂੰ ਵੀਹਵੀਂ ਸਦੀ ਦੇ ਸ਼ੁਰੂ ਵਿਚ ਹਰਾ ਦਿੱਤਾ ਸੀ।

ਸਿਪਾਹੀਆਨਾਂ ਬਹਾਦਰੀ ਵਿਚ ਰੂਸ ਦਾ ਰੀਕਾਰਡ ਕਦੇ ਵੀ ਫ਼ਖ਼ਰ ਕਰਨ ਜੋਗਾ ਨਹੀਂ ਰਿਹਾ।

ਭੁਖ ਨੰਗ ਤੇ ਜਹਾਲਤ ਦੀ ਵੀ ਕਦੇ ਥੁੜ ਨਹੀਂ ਰਹੀ। ਅਜੇ ੨੫ ਵਰ੍ਹੇ ਦੀ ਗਲ ਹੈ ਕਿ ਉਥੇ ਅਨਪੜ੍ਹਤਾ ੯੦ ਫ਼ੀ ਸਦੀ ਸੀ। ਮਜ਼੍ਹਬੀ ਤਅੱਸਬਾਂ ਦੇ ਨੁਕਤੇ ਤੋਂ ਇਹ ਏਸ਼ੀਆ ਦੇ ਕਈ ਮੁਲਕਾਂ ਨੂੰ ਮਾਤ ਕਰਦਾ ਸੀ। ਰਾਸਪੂਤੀਨ ਵਰਗੇ ਮੁਜੱਸਮ ਸ਼ੈਤਾਨ ਸ਼ਾਹੀ ਖ਼ਾਨਦਾਨ ਦੇ ਪਾਦਰੀ ਸਨ ਤੇ ਸਾਰੀ ਕੌਮ ਨੂੰ ਉਂਗਲਾਂ ਤੇ ਨਚਾ ਸਕਦੇ ਸਨ।

ਸਨਅਤ ਦਾ ਇਹ ਹਾਲ ਸੀ, ਕਿ ਲਗ ਪਗ ੯੦ ਫ਼ੀ ਸਦੀ ਲੋਕ ਖੇਤੀ ਕਰਦੇ ਸਨ। ਹਰ ਮਸ਼ੀਨ ਬਾਹਰੋਂ ਮੰਗਾਈ ਜਾਂਦੀ ਸੀ। ਸਾਰੇ ਮੁਲਕ ਵਿਚ ਇਕ ਟਰੈਕਟਰ ਨਹੀਂ ਸੀ। ਸਿਊਣ ਵਾਲੀਆਂ ਤੇ ਹੋਰ ਲੋੜੀਂਦੀਆਂ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.